***ਸਿਰਫ ਅੱਜ ਦੇ ਦਿਨ***

ਸਿਰਫ਼ ਅੱਜ ਦੇ ਦਿਨ: ਮੇਰੇ ਵਿਚਾਰ ਮੇਰੇ
ਸੁਧਾਰ 'ਤੇ ਹੋਣਗੇ, ਮੈਂ ਨਸ਼ੀਲੇ ਪਦਾਰਥਾਂ ਤੋਂ
ਬਿਨਾਂ ਜ਼ਿੰਦਗੀ ਜੀਵਾਂਗਾ ਅਤੇ ਜੀਉਣ ਦਾ
ਆਨੰਦ ਲਵਾਂਗਾ ।

ਸਿਰਫ਼ ਅੱਜ ਦੇ ਦਿਨ: ਮੈਂ NA ਦੇ ਵਿੱਚ ਕਿਸੇ
ਇੱਕ ਵਿਅਕਤੀ 'ਤੇ ਭਰੋਸਾ ਰਖਾਂਗਾ ਜੋ
ਮੇਰੇ 'ਤੇ ਵਿਸ਼ਵਾਸ ਰੱਖਦਾ ਹੈ ਅਤੇ ਮੇਰੇ ਸੁਧਾਰ
ਵਿੱਚ ਮੇਰੀ ਮਦਦ ਕਰਨਾ ਚਾਹੁੰਦਾ ਹੈ।

ਸਿਰਫ਼ ਅੱਜ ਦੇ ਦਿਨ: ਮੇਰੇ ਕੋਲ ਇੱਕ
ਪ੍ਰੋਗਰਾਮ ਹੋਵੇਗਾ ਜਿਸ ਨੂੰ ਮੈਂ ਪੂਰੀ ਯੋਗਤਾ
ਨਾਲ ਅਮਲ ਕਰਨ ਦੀ ਕੋਸ਼ਿਸ਼ ਕਰਾਂਗਾ।

ਸਿਰਫ਼ ਅੱਜ ਦੇ ਦਿਨ: NA ਰਾਹੀਂ,
ਮੈਂ ਆਪਣੇ ਜੀਵਨ ਦੇ ਸਹੀ ਦ੍ਰਿਸ਼ਟੀਕੋਣ ਨੂੰ
ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਾਂਗਾ।

ਸਿਰਫ਼ ਅੱਜ ਦੇ ਦਿਨ: ਮੈਂ ਨੀਡਰ ਰਹਾਂਗਾ।
ਮੇਰੇ ਵਿਚਾਰ ਮੇਰੇ ਨਵੇਂ ਸੰਬੰਧਾਂ 'ਤੇ ਹੋਣਗੇ,
ਓਹਨਾਂ ਲੋਕਾਂ ਨਾਲ ਜੋ ਨਸ਼ਾ ਨਹੀਂ ਕਰ ਰਹੇ
ਅਤੇ
ਜਿਨ੍ਹਾਂ ਨੇ ਜੀਉਣ ਦਾ ਨਵਾਂ ਰਾਹ ਲੱਭ ਲਿਆ
ਹੈ। ਜਦੋਂ ਤੱਕ ਮੈਂ ਇਸ ਰਸਤੇ 'ਤੇ ਹਾਂ, ਮੈਨੂੰ
ਡਰਨ ਦੀ ਜ਼ਰੂਰਤ ਨਹੀਂ ਹੈ ।

*********